# ਪੰਜਾਬ ਸਰਕਾਰ
## ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ
### (ਤਕਨੀਕੀ ਸਿੱਖਿਆ-1 ਸ਼ਾਖਾ)

ਨਵੀ ITI ਖੋਲਣ ਅਤੇ ਮੌਜੂਦਾ ITIs ਵਿੱਚ ਨਵੇਂ NCVT ਕੋਰਸ ਸ਼ੁਰੂ ਹਿੱਤ ਡੀ.ਜੀ.ਟੀ. ਭਾਰਤ ਸਰਕਾਰ ਵਲੋਂ ਜਾਰੀ ਨਿਰਦੇਸ਼ਾ ਅਨੁਸਾਰ ਸਟੇਟ ਡਾਇਰੈਕਟੋਰੇਟ ਤ.ਸਿ. ਅਤੇ ਉ.ਸਿ. ਵਿਭਾਗ ਤੋਂ NOC ਲੈਣੀ ਜਰੂਰੀ ਕੀਤੀ ਗਈ ਹੈ ਜਿਸ ਬਾਬਤ ਹੇਠ ਦਰਸਾਈਆਂ ਗਾਇਡਲਾਇਨਜ਼ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ:-

**1) ਨਵੀ ਆਈ.ਟੀ.ਆਈਜ਼ ਦੀ ਸਥਾਪਨਾ ਅਤੇ ਨਵੇਂ ਕੋਰਸ/ਯੂਨਿਟ ਸ਼ੁਰੂ ਕਰਨ ਸਬੰਧੀ**

ਜਦੋਂ ਕਿਸੇ ਵੀ ਮੈਨੇਜਮੈਂਟ ਕਮੇਟੀ ਵਲੋਂ ਪੰਜਾਬ ਰਾਜ ਵਿੱਚ ਨਵੀਂ ਆਈ.ਟੀ.ਆਈ. ਦੀ ਸਥਾਪਨਾ ਕੀਤੀ ਜਾਣੀ ਹੈ ਜਾਂ ਮੌਜੂਦਾ ਆਈ.ਟੀ.ਆਈਜ਼ ਵਿੱਚ ਨਵੇਂ ਕੋਰਸ/ਯੂਨਿਟ ਸ਼ੁਰੂ ਕੀਤੇ ਜਾਣੇ ਹਨ ਤਾਂ ਡੀ.ਜੀ.ਟੀ. ਭਾਰਤ ਸਰਕਾਰ ਵਲੋਂ ਜਾਰੀ ਨਿਰਦੇਸ਼ਾ ਅਨੁਸਾਰ ਇਸਦੀ ਆਗਿਆ ਸਟੇਟ ਡਾਇਰੈਕਟੋਰੇਟ ਤ.ਸਿ. ਅਤੇ ਉ.ਸਿ. ਵਿਭਾਗ ਤੋਂ ਲੈਣੀ ਜਰੂਰੀ ਹੈ। ਜਿਸ ਲਈ ਇੱਕ 5000/-ਰੁਪਏ ਬਤੌਰ ਪ੍ਰੋਸੈਸਿੰਗ ਫੀਸ ਰੱਖੀ ਜਾਂਦੀ ਹੈ ਜੋ ਵਿਭਾਗ ਦੇ ਰਸੀਟ ਹੈੱਡ ਵਿੱਚ ਜਮ੍ਹਾਂ ਕਰਵਾਈ ਜਾਵੇਗੀ। ਇਹ ਫੀਸ ਸੰਸਥਾ ਪਾਸੋਂ NoC ਲਈ ਅਪਲਾਈ ਕਰਨ ਸਮੇਂ ਲਈ ਜਾਵੇਗੀ ਅਤੇ ਇਹ ਫੀਸ਼ ਨਾ-ਮੋੜਨ ਯੋਗ ਹੋਵੇਗੀ।

**2) ਲੋੜੀਂਦੇ ਦਸਤਾਵੇਜਾਂ ਦੀ ਸੂਚੀ:-**

**ੳ)** ਸੋਸਾਇਟੀ/ਟਰੱਸਟ/ਐਸੋਸੀਏਸ਼ਨ ਆਦਿ ਦੇ ਰਜਿਸਟਰੇਸ਼ਨ ਸਰਟੀਫਿਕੇਟ ਦੀ ਕਾਪੀ ਅਤੇ ਉਸਦੇ Bye-laws ਦੀ ਕਾਪੀ;

**ਅ)** ਕੰਪੀਟੈਂਟ ਅਥਾਰਟੀ ਤੋਂ ਜਾਰੀ CLU ਦੀ ਕਾਪੀ;

**ੲ)** ਜੋ ਕੋਰਸ ਸ਼ੁਰੂ ਕੀਤੇ ਜਾਣੇ ਹਨ, ਉਸ ਸਬੰਧੀ ਨਾਰਮਜ਼ ਅਨੁਸਾਰ ਅਪਰੂਵਡ ਨਕਸ਼ਾ;

**ਸ)** ਜਮੀਨ ਡੀ.ਜੀ.ਟੀ. ਭਾਰਤ ਸਰਕਾਰ ਦੇ ਨਾਰਮਜ ਅਨੁਸਾਰ ਪੂਰੀ ਹੋਣੀ ਚਾਹੀਦੀ ਹੈ ਅਤੇ ਜਮੀਨ ਦੀ ਮਾਲਕੀ ਸਬੰਧੀ (Latest) ਫਰਦ ਜਮਾਂਬੰਦੀ ਦੀ ਕਾਪੀ। ਜੇਕਰ ਜਗ੍ਹਾਂ ਲੀਜ/ਰੈਂਟ ਤੇ ਹੈ ਤਾਂ ਰਜਿਸਟਰਡ ਲੀਜ/ਡੀਡ ਦੀ ਕਾਪੀ, ਜਿਸਦੀ ਮਿਆਦ ਡੀ.ਜੀ.ਟੀ. ਭਾਰਤ ਸਰਕਾਰ ਦੇ ਨਾਰਮਜ ਅਨੁਸਾਰ ਘੱਟੋ-ਘੱਟ 10 ਸਾਲ ਹੋਵੇ।

**ਹ)** ਡੀ.ਜੀ.ਟੀ. ਭਾਰਤ ਸਰਕਾਰ ਦੇ ਨਾਰਮਜ਼ 2018 ਅਨੁਸਾਰ ਸੁਰੂਆਤੀ ਪ੍ਰੋਸੈਸ ਲਈ ਜੋ ਘੋਸ਼ਣਾ ਪੱਤਰ, ਫਾਰਮੇਟ-2, ਫਾਰਮੇਟ-3 ਅਤੇ ਜਮੀਨ ਸਬੰਧੀ ਸਰਟੀਫਿਕੇਟ-1 ਨਿਰਧਾਰਤ ਕੀਤੇ ਗਏ ਹਨ ਉਹ ਸੰਸਥਾ ਭਰ ਕੇ ਦੇਵੇਗੀ।

**ਕ)** ਸੰਸਥਾ ਵਲੋਂ ਚਲਾਏ ਜਾਣ ਵਾਲੇ ਕੋਰਸਾਂ ਲਈ ਲੋੜੀਂਦੇ ਸਪੇਸ, ਟੂਲਜ਼ ਮਸ਼ੀਨਰੀ ਆਦਿ ਦੇ ਪ੍ਰਬੰਧ ਲਈ Source of income ਸਬੰਧੀ ਡਿਟੇਲ।

**ਖ)** 3 ਸਾਲਾਂ ਦੀ ਬੈਂਕ ਸਟੇਟਮੈਂਟ।

**ਗ)** ਜੇਕਰ ਇਮਾਰਤ ਉਸਾਰੀ ਹੋਈ ਹੋਵੇ ਤਾਂ ਪੀ.ਡਬਲਿਯੂ.ਡੀ. ਵਿਭਾਗ ਵਲੋਂ ਜਾਰੀ ਕੀਤਾ ਬਿਲਡਿੰਗ ਸੇਫਟੀ ਸਰਟੀਫਿਕੇਟ, ਜੋ 4 ਸਾਲਾ ਲਈ ਯੋਗ ਹੋਵੇ।

**ਘ)** ਜੇਕਰ ਇਮਾਰਤ ਉਸਾਰੀ ਹੋਈ ਹੋਵੇ ਤਾਂ ਫਾਇਰ ਸੇਫਟੀ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਵੈਧ ਨੱਥੀ ਕੀਤਾ ਜਾਵੇ ਅਤੇ ਸਮੇਂ-ਸਮੇਂ ਸਿਰ ਮਿਆਦ ਖਤਮ ਹੋਣ ਦੀ ਮਿਤੀ ਤੋਂ ਤੁਰੰਤ ਬਾਅਦ ਇਸ ਨੂੰ ਰੀਨਿਊ ਕਰਵਾਇਆ ਜਾਵੇ। ਜੇਕਰ ਫਾਇਰ ਸੇਫਟੀ ਸਰਟੀਫਿਕੇਟ ਸਮੇਂ ਸਿਰ ਰੀਨਿਊ ਨਹੀਂ ਕਰਵਾਇਆ ਜਾਂਦਾ ਤਾਂ ਉਸਦਾ ਜੁਰਮਾਨਾ ਹੇਠ ਲਿਖੇ ਅਨੁਸਾਰ ਹੋਵੇਗਾ:-

i) ਮਿਆਦ ਖਤਮ ਹੋਣ ਦੀ ਮਿਤੀ (31 ਮਾਰਚ) ਤੋਂ ਇੱਕ ਮਹੀਨੇ ਤੱਕ ਜੁਰਮਾਨਾ 2000 ਰੁਪਏ ਹੋਵੇਗਾ।

ii) ਮਿਆਦ ਖਤਮ ਹੋਣ ਦੀ ਮਿਤੀ (31 ਮਾਰਚ) ਤੋਂ ਦੋ ਮਹੀਨੇ ਤੱਕ ਜੁਰਮਾਨਾ 4000 ਰੁਪਏ ਹੋਵੇਗਾ।

iii) ਮਿਆਦ ਖਤਮ ਹੋਣ ਦੀ ਮਿਤੀ (31 ਮਾਰਚ) ਤੋਂ ਤਿੰਨ ਮਹੀਨੇ ਤੱਕ ਜੁਰਮਾਨਾ 6000 ਰੁਪਏ ਹੋਵੇਗਾ।

iv) ਜੇਕਰ ਮਿਆਦ ਖਤਮ ਹੋਣ ਦੀ ਮਿਤੀ ਤੋਂ ਤਿੰਨ ਮਹੀਨੇ ਤੱਕ ਵੀ ਫਾਇਰ ਸੇਫਟੀ ਸਰਟੀਫਿਕੇਟ

ਰੀਨਿਊ ਨਹੀਂ ਕਰਵਾਇਆ ਜਾਂਦਾ ਤਾਂ ਇਸ ਉਪਰੰਤ ਸਬੰਧਤ ਸਕੂਲ ਦੀ ਰੀਕੁਗਨਾਈਜੇਸ਼ਨ/ਐਨ.ਓ.ਸੀ. ਰੱਦ ਕੀਤਾ ਜਾਵੇਗਾ।

**ਘ)** ਇਸ ਤੋਂ ਇਲਾਵਾ ਸੰਸਥਾ ਹੇਠ ਦਰਸਾਏ ਅਨੁਸਾਰ ਘੋਸ਼ਣਾ ਪੱਤਰ ਭਰ ਕੇ ਦੇਵੇਗੀ:-

- ਸੰਸਥਾ ਡੀ.ਜੀ.ਟੀ. ਭਾਰਤ ਸਰਕਾਰ/ਸਟੇਟ ਡਾਇਰੈਕਟੋਰੇਟ ਵਲੋਂ ਜਾਰੀ ਕੀਤੇ ਗਏ ਨਾਰਮਜ਼ ਅਤੇ ਸਮੇਂ-ਸਮੇਂ ਤੇ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰੇਗੀ।
- ਸੰਸਥਾ ਸਮੇਂ-ਸਮੇਂ ਤੇ ਰੈਗੂਲਰ/ਅਚਨਚੇਤ ਇੰਸਪੈਕਸ਼ਨ ਦੇ ਨਿਯਮਾਂ ਦਾ ਪਾਲਣ ਕਰੇਗੀ ਅਤੇ ਇੰਸਪੈਕਸ਼ਨ ਟੀਮ ਨੂੰ ਪੂਰਾਂ ਸਹਿਯੋਗ ਦੇਵੇਗੀ।
- ਜੇਕਰ ਸੰਸਥਾ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਸੰਸਥਾ ਪੜਤਾਲ ਕਰ ਰਹੀ ਕਮੇਟੀ ਨੂੰ ਪੂਰਾਂ ਸਹਿਯੋਗ ਦੇਵੇਗੀ।
- ਜੇਕਰਡੀ.ਜੀ.ਟੀ. ਭਾਰਤ ਸਰਕਾਰ/ਸਟੇਟ ਡਾਇਰੈਕਟੋਰੇਟ ਵਲੋਂ ਕੋਈ ਸੂਚਨਾ ਮੰਗੀ ਜਾਂਦੀ ਹੈ ਤਾਂ ਸੰਸਥਾ ਸਮੇ-ਸਿਰ ਸੂਚਨਾ ਦੇਣ ਦੀ ਪਾਬੰਦ ਹੋਵੇਗੀ।
- ਉਕਤ ਸੰਸਥਾ ਦੀ ਮੈਨੇਜਮੈਂਟ ਭਾਰਤ/ਪੰਜਾਬ ਸਰਕਾਰ ਵਲੋਂ ਕਰਮਚਾਰੀਆਂ (ਟੀਚਿੰਗ+ਨਾਨ ਟੀਚਿੰਗ)ਅਤੇ ਵਿਦਿਆਰਥੀਆਂ ਦੀ ਵੈਲਫੇਅਰ ਵਾਸਤੇ, ਮੌਜੂਦ/ਭਵਿੱਖ ਵਿੱਚ, ਜਾਰੀ/ਜਾਰੀ ਹੋਣ ਵਾਲੇ, ਐਕਟਾਂ/ਨਿਯਮਾਂ ਅਤੇ ਹਦਾਇਤਾ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ।
- ਉਕਤ ਸੰਸਥਾ ਦੀ ਮੈਨੇਜਮੈਂਟ ਟਰਾਂਸਪੋਰਟ ਵਿਭਾਗ ਵਲੋਂ ਟਰਾਂਸਪੋਰਟ ਸਬੰਧੀ ਮੌਜੂਦਾ/ਭਵਿੱਖ ਵਿੱਚ ਜਾਰੀ/ਜਾਰੀ ਹੋਣ ਵਾਲੇ, ਐਕਟਾਂ/ਨਿਯਮਾਂ ਅਤੇ ਹਦਾਇਤਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ।
- ਜੇਕਰ ਸੰਸਥਾ ਵਲੋਂ ਦਰਸਾਈਆਂ ਹਦਾਇਤਾ ਅਤੇ ਡੀ.ਜੀ.ਟੀ. ਭਾਰਤ ਸਰਕਾਰ ਵਲੋਂ ਜਾਰੀ ਨਾਰਮਜ਼/ਹਦਾਇਤਾਂ ਦੀ ਪਾਲਣਾ ਨਹੀਂ ਕਰਦੀ ਤਾਂ, ਡਿਊ ਪ੍ਰੋਸੈਸ ਅਪਣਾਉਂਦੇ ਹੋਏ ਸੰਸਥਾਂ ਦੀ NoC ਰੱਦ ਕਰਦੇ ਹੋਏ ਸੰਸਥਾ ਦੀ ਡੀ-ਐਫੀਲੀਏਸ਼ਨ ਲਈ ਡੀ.ਜੀ.ਟੀ. ਭਾਰਤ ਸਰਕਾਰ ਨੂੰ ਲਿਖ ਦਿੱਤਾ ਜਾਵੇਗਾ।

**3) ਰਿਜ਼ਰਵ ਮਨੀ:-**

**ੳ)** ਸੰਸਥਾ ਵਲੋਂ ਜਿੰਨੀਆਂ ਟਰੇਡਾਂ ਲਈ ਅਪਲਾਈ ਕੀਤਾ ਜਾ ਰਿਹਾ ਹੈ, ਉਹਨਾਂ ਲਈ ਰੱਖੇ ਜਾਣ ਵਾਲੇ ਟੀਚਿੰਗ ਸਟਾਫ ਲਈ 15000/-ਰੁਪਏ (ਪਲਾਨ ਸਕੀਮ ਅਧੀਨ ਰੱਖੇ ਗਏ ਇੰਸਟ੍ਰਕਟਰ ਨੂੰ ਦਿੱਤੀ ਜਾਂਦੀ ਤਨਖਾਹ ਅਨੁਸਾਰ) ਪ੍ਰਤੀ ਮਹੀਨੇ ਦੇ ਹਿਸਾਬ ਨਾਲ ਛੇ ਮਹੀਨਿਆਂ ਦੀ ਤਨਖਾਹ ਬਤੌਰ ਸਕਿਊਰਟੀ ਵਿਭਾਗ ਪਾਸ਼ ਜਮ੍ਹਾਂ ਕਰਵਾਈ ਜਾਵੇਗੀ। ਜੇਕਰ ਭਵਿੱਖ ਵਿੱਚ ਵਿਭਾਗ ਵਲੋਂ ਟੀਚਿੰਗ ਸਟਾਫ ਦੀ ਤਨਖਾਹ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਉਸ ਹਿਸਾਬ ਨਾਲ ਸੰਸਥਾ ਪਾਸੋਂ ਸਕਿਊਰਟੀ ਫੰਡ ਦੇ ਤੌਰ ਤੇ ਫੀਸ ਜਮ੍ਹਾਂ ਕਰਵਾਈ ਜਾਵੇਗੀ।

**ਅ)** ਸੰਸਥਾ ਵਿਖੇ ਰੱਖੇ ਜਾਣ ਵਾਲੇ ਕਲਰਕ ਅਮਲੇ ਦੀ ਸੈਲਰੀ ਡੀ.ਸੀ. ਰੇਟ ਦੇ ਹਿਸਾਬ ਨ਼ਾਲ ਇੱਕ ਸਾਲ ਦੀ ਤਨਖਾਹ ਬਤੌਰ ਸਕਿਊਰਟੀ ਵਿਭਾਗ ਪਾਸ਼ ਜਮ੍ਹਾਂ ਕਰਵਾਈ ਜਾਵੇਗੀ।

**ੲ)** ਸੰਸਥਾ ਰਿਜ਼ਰਵ ਮਨੀ ਦੇ ਤੌਰ ਤੇ ਦਿੱਤੀ ਜਾਣ ਵਾਲੀ ਗਰੰਟੀ ਨੂੰ Fix Deposit ਦੇ ਰੂਪ ਵਿੱਚ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ ਜੀ ਦੇ ਨਾਮ ਤੇ ਬਨਵਾਕੇ ਵਿਭਾਗ ਕੋਲ ਜਮ੍ਹਾਂ ਕਰਵਾਏਗੀ। ਇਹ FD ਦੀ ਮਿਆਦ 5 ਸਾਲ ਦੇ ਸਮੇਂ ਤੋਂ ਘੱਟ ਨਹੀਂ ਹੋਵੇਗੀ ਅਤੇ ਇਸ ਤੋਂ ਬਾਅਦ ਸੰਸਥਾ FD ਰਨਿਊ ਕਰਵਾ ਕੇ ਵਿਭਾਗ ਪਾਸ਼ ਜਮ੍ਹਾਂ ਕਰਵਾਏਗੀ।

4) NOC ਜਾਰੀ ਕਰਨ ਸਬੰਧੀ ਇੰਸਪੈਕਸ਼ਨ ਟੀਮ ਨਿਰਧਾਰਤ ਇੰਸਪੈਕਸ਼ਨ ਪ੍ਰੋਫਾਰਮਾ ਅਨੁਸਾਰ ਆਪਣੀਆਂ ਸਪੱਸਟ ਸਿਫਾਰਸਾ ਮੁੱਖ ਦਫਤਰ ਨੂੰ ਭੇਜੇਗੀ।

5) ਜੇਕਰ ਇੰਸਟੀਚਿਊਟ ਦੁਆਰਾ ਕਿਸੇ ਦੁਰਵਿਵਹਾਰ ਦੇ ਕਾਰਨ, NOC ਨੂੰ ਰੱਦ ਕੀਤਾ ਜਾਂਦਾ ਹੈ ਤਾਂ ਸੰਸਥਾ ਨੂੰ NOC ਲਈ ਦੁਬਾਰਾ ਅਪਲਾਈ ਕਰਨ ਲਈ ਦੁੱਗਣੀ ਰਕਮ ਜਮ੍ਹਾ ਕਰਨੀ ਪਵੇਗੀ।

6) ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ NOC ਜਾਰੀ ਕਰਨ ਹਿੱਤ ਹਦਾਇਤਾ ਤੋਂ ਛੋਟ ਦਿੱਤੀ ਜਾਂਦੀ ਹੈ।

7) ਜੇਕਰ ਭਵਿੱਖ ਵਿੱਚ ਡੀ.ਜੀ.ਟੀ. ਭਾਰਤ ਸਰਕਾਰ/ਪੰਜਾਬ ਸਰਕਾਰ ਵਲੋਂ NOC ਜਾਰੀ ਕਰਨ ਸਬੰਧੀ ਕੋਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਤਾਂ ਉਹ ਹਦਾਇਤਾਂ ਵੀ ਸਬੰਧਤ ਸੰਸਥਾਵਾਂ ਤੇ ਲਾਗੂ ਹੋਣਗੀਆਂ।

8) ਇਸ ਪਾਲਿਸੀ ਦੀਆਂ ਧਾਰਾਵਾਂ/ਮੱਦਾਂ ਨੂੰ ਸਮੇਂ-ਸਮੇਂ ਤੇ ਲੋੜ ਅਨੁਸਾਰ ਘੋਖਿਆ ਜਾਵੇਗਾ ਅਤੇ ਜਰੂਰਤ ਅਨੁਸਾਰ ਇਹਨਾਂ ਵਿੱਚ ਸੋਧ ਕੀਤੀ ਜਾਵੇਗੀ ਅਤੇ ਇਹ ਸੋਧਾਂ ਇਸ ਪਾਲਿਸੀ ਤੇ ਲਾਗੂ ਹੋਣਗੀਆਂ।

ਮਿਤੀ.ਚੰਡੀਗੜ੍ਹ:

17-08-2022

ਰਾਹੁਲ ਭੰਡਾਰੀ, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ।

ਪਿੱ.ਅੰ.ਨੰ. **TECH-TE-109/154/2022-2TE1/**1/421112/2022(1) ਮਿਤੀ.ਚੰਡੀਗੜ੍ਹ: 06/09/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਜਨਰਲ ਆਫ ਟਰੇਨਿੰਗ (ਡੀ.ਜੀ.ਟੀ.) ਮਨਿਸਟਰੀ ਆਫ ਸਕਿਲ ਡਿਵੈਲਪਮੈਂਟ ਐਂਡ ਇੰਟਰਪਰਾਨਸ਼ਿਪ, ਭਾਰਤ ਸਰਕਾਰ, ਇੰਮਪਲਾਈਮੈਂਟ ਐਕਸਚੇਜ਼ ਬਿਲਡਿੰਗ, ਪਹਿਲੀ ਮੰਜਿਲ, ਪੂਸਾ, ਨਵੀ ਦਿੱਲੀ।
2) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਪਲਾਟ ਨੰ.1, ਸੈਕਟਰ 36 ਏ, ਚੰਡੀਗੜ੍ਹ।
3) ਖੇਤਰੀ ਡਾਇਰੈਕਟਰ, RDSDE, ਪੰਜਾਬ ਗਿੱਲ ਰੋਡ, ਲੁਧਿਆਣਾ।
4) ਕੰਟਰੋਲਰ ਆਫ ਪ੍ਰੀਖਿਆਵਾ (ਆਈ.ਟੀ) ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਪਲਾਟ ਨੰ.1, ਸੈਕਟਰ 36 ਏ, ਚੰਡੀਗੜ੍ਹ।

ਅਧੀਨ ਸਕੱਤਰ

ਡ.ਤ.ਸਿ. ਅਤੇ ਉ.ਸਿ.
ਨੰਬਰ 2017
ਮਿਤੀ 7-09-2022

ਪਿੱਠ ਅੰਕਣ ਨੰ. **File No:** DIT-AF0168(11)/5/2021-AFFILATION BRANCH/959-1338 ਮਿਤੀ 8/9/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. The Director General of Training (DGT), Ministry of Skill Development & Entrepreneurship, Government of India, Employment Exchange Building,1st floor, PUSA, New Delhi.
2. Regional Director, RDSDE, Punjab, Gill Road, Ludhiana, Punjab.
3. Controller of Examination (IT), Punjab State Board of Technical Education & Industrial Training, Plot No. 1, Sector 36-A, Chandigarh.
4. All Branches of HQ Plot No. 1, Sector 36-A, Chandigarh.
5. All Principal/DDO Government Industrial Training Institute of Punjab State.
6. All Principal Private Industrial Training Institute of Punjab State.
7. Assistant Director, E- Governance to upload the guidelines on department website.
8. Concerned ITI which applied for NoC (list attached).

08/09/22

ਉਪ ਡਾਇਰੈਕਟਰ (ਐਫੀ.)/ਪਲੇਸਮੈਂਟ ਅਫਸਰ
ਵਾ. ਡਾਇਰੈਕਟਰ, ਤਕਨੀਕੀ ਸਿੱਖਿਆ
ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ